# ਅੰਮ੍ਰਿਤ ਕੀਰਤਨ

ਅਗਸਤ 2012




Source : vi.sualize.us

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਪੈਂਤੀ ਅੱਖਰੀ–ਕਾਫ਼ੀਆਂ

### ੲ

ਇੱਕੋ ਰੱਬ ਦੇ ਸੱਭ ਹਨ ਬੰਦੇ
ਕੀ ਵੱਡੇ ਕੀ ਬਾਲੇ ਹੂ।

ਹਿੰਦੂ, ਮੁਸਲਿਮ, ਸਿੱਖ ਇਸਾਈ
ਸੱਭ ਦੇ ਪੰਥ ਨਿਰਾਲੇ ਹੂ।

ਗੁਰਦੁਆਰੇ, ਮੰਦਰ ਤੇ ਮਸਜਿਦ
ਗਿਰਜੇ ਅਤੇ ਸ਼ਿਵਾਲੇ ਹੂ।

ਝੁੱਕ ਝੁੱਕ ਕਰਨ ਸੰਤੋਖ ਸਲਾਮਾਂ,
ਇੱਕੋ ਅੱਲਾ ਵਾਲੇ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ



ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਗੁਰਬਾਣੀ ਕੀਰਤਨ-ਤਾਲ ਅਤੇ ਲੈਅ 5

ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ
ਡਾ. ਜਾਗੀਰ ਸਿੰਘ 6

What is the Purpose of Life?
Dr. S.S. Bhatti
14

ਕੀਰਤਨ ਚਉਂਕੀਆਂ
ਪ੍ਰੋ: ਕਰਤਾਰ ਸਿੰਘ 19

Book Review :
Glimpses of Sikh History for Children
Harpreet Kaur 23

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

# ✉ ਮਿਤ੍ਰ ਅਸਾਡੜੇ ਸੇਈ

Thanks for the Amrit Kirtan issue of July 12. It's a pleasure to ever read the entire set of beautiful written articles in especially you chosen the topics which provide a lot of education and valuable information. However, there is something wrong in the Dr. Harminder Kaur article Sri Guru Granth Sahib ji di Mudli Jankari....first, baba buddha ji had personally performed the anointment ceremony for the Gurus from say the second to the sixth guru ji.. and not for the first sikh guru sahib, second, where and when the first prakash of the present volume of Sri Guru Granth Sahib Ji was held and what was the first Mukhwak and who took that... thirdly, where is the original copy of Sri Guru Granth Sahib Ji and written by Bhai Mani Singh Ji. In the musical instrument violen the name of the great violionist of our contemporary times is missing...that is Yehudi Menuhin you can Google for his work and outstanding awards and work over the globel the past century,,, he was American Jewish.. he won robe knighthood too and by queen 2nd the wolf prize by Israeli Knesset.. UNESCO award Leonie Sonning award by Denmark.. and honourary citizenship of SwitzerlanD/UK and doctorate at many universities..helped Jersey Wildlife Preservation Trust..to which my children were also a part of that club,, so do include this correction in the future..issue.. thanks

Bhagwant Singh, E-mail : gurbani.del@gmail.com

ਪਿਛਲੇ ਅੰਕ ਵਿਚ ਸੰਪਾਦਕੀ ਨੋਟ ਵੱਲੋਂ ਡਾ. ਜਾਗੀਰ ਸਿੰਘ 'ਸੀਸ ਜਿਸਦੇ ਪਾਸ ਹੈ ਹਾਜ਼ਰ ਕਰੇ' ਜੋ ਬਹੁਤ ਹੀ ਖੂਬਸੂਰਤ ਰਚਨਾ ਸੀ। ਡਾ.. ਹਰਭਜਨ ਸਿੰਘ ਜੀ ਦੀ ਰਚਨਾ 'ਤੇਰੇ ਹਜੂਰ ਮੇਰੀ ਹਾਜ਼ਰੀ ਦੀ ਦਾਸਤਾਨ' ਬਹੁਤ ਕਮਾਲ ਦੀ ਕਵਿਤਾ ਸੀ। ਡਾ. ਗੁਰਨਾਮ ਸਿੰਘ ਦਾ ਲੇਖ 'ਗੁਰਮਤਿ ਸੰਗੀਤ ਦਾ ਸਮਕਾਲੀ ਅਧਿਆਪਨ' ਜੋ ਕਿ ਬਹੁਤ ਹੀ ਖੋਜ ਨਾਲ ਲਿਖਿਆ ਹੋਇਆ ਸੀ। ਡਾ. ਹਰਵਿੰਦਰ ਕੌਰ ਜੀ ਦੀ ਰਚਨਾ 'ਸ੍ਰੀ ਗੁਰੂ ਗ੍ਰੰਥ ਦੀ ਮੁੱਢਲੀ ਜਾਣਕਾਰੀ' (ਗੁਰਮਤਿ ਸੰਗੀਤ ਦੇ ਸੰਦਰਭ ਵਿਚ) ਜੋ ਕਿ ਪੁਰਾਤਨ ਗ੍ਰੰਥਾਂ ਵਿਚੋਂ ਖੋਜ ਕਰਕੇ ਲਿਖੀ ਗਈ ਸੀ। ਪ੍ਰੋ: ਹਰਪ੍ਰੀਤ ਕੌਰ ਜੀ ਦੀ ਰਚਨਾ 'ਅਨੰਦ ਸਾਹਿਬ ਦੀ ਬਾਣੀ ਵਿਚ ਸਤਿਗੁਰੂ ਦਾ ਸੰਕਲਪ' ਜੋ ਕਿ ਤਾਰੀਫ ਦੇ ਕਾਬਲ ਸੀ। ਸ. ਕਰਮ ਸਿੰਘ ਰਤਨ ਦੀ ਰਚਨਾ 'ਸਿਮਰਨ' ਬਹੁਤ ਹੀ ਸੋਹਣੇ ਢੰਗ ਨਾਲ ਲਿਖੀ ਸੀ ਕਿਉਂਕਿ ਅੱਜ ਕੱਲ ਸਿੱਖ ਸੰਗਤਾਂ ਨੇ ਸਿਮਰਨ ਸੁਸਾਇਟੀਆਂ ਬਣਾ ਕੇ ਸਪੀਕਰਾਂ ਰਾਹੀਂ ਸਿਮਰਨ ਕਰਨਾ ਸ਼ੁਰੂ ਕੀਤਾ ਹੈ ਜੋ ਕਿ ਠੀਕ ਨਹੀਂ ਹੈ। ਸਿਮਰਨ ਦਾ ਇਕਾਂਤ ਵਿਚ ਬੈਠ ਕੇ ਹੋ ਸਕਦਾ ਹੈ ਵਿਖਾਵੇ ਵਾਲਾ ਸਿਮਰਨ ਪ੍ਰਵਾਨ ਨਹੀਂ ਹੈ। ਡਾ. ਨਰਿੰਦਰ ਕੌਰ ਦੀ ਰਾਗ ਸਾਰੰਗ ਵਿਚ ਬੰਦਸ਼ ਬਹੁਤ ਵਧੀਆ ਹੈ।

ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ੀਕਲ ਅਕੈਡਮੀ ਮਾਰਫਤ
ਬਲਜਿੰਦਰ ਸਿੰਘ (ਦਾਨੇ ਦੀ ਚੱਕੀ) ਨੇੜੇ ਗੁ: ਭਾਈ ਜਗਤਾ ਜੀ ਜੀ. ਟੀ. ਰੋਡ, ਮਲੋਟ

The articles and other information is really very informative. regards

Dr. H. S. Rose, profhsrose@gmail.com

# ਕਰਉ ਬੇਨੰਤੀਆ

## ਗੁਰਬਾਣੀ ਕੀਰਤਨ-ਤਾਲ ਅਤੇ ਲੈਅ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗਾਇਨ ਕਰਨ ਦੀਆਂ ਸੂਚਨਾਵਾਂ ਵਿੱਚ ਰਾਗ ਬਾਰੇ ਸਪਸ਼ਟ ਆਦੇਸ਼ ਹਨ ਕਿ ਕਿਹੜੇ ਸ਼ਬਦ ਨੂੰ ਕਿਹੜੇ ਰਾਗ ਵਿੱਚ ਗਾਉਣਾ ਹੈ। ਰਾਗਾਂ ਦੇ ਸਰੂਪਾਂ ਬਾਰੇ ਮਤਭੇਦ ਹਨ। ਪਰ ਥੋੜੇ ਬਹੁਤ ਅੰਤਰ ਨਾਲ ਕੰਮ ਚਲ ਜਾਂਦਾ ਹੈ। ਪਰ ਤਾਲ ਬਾਰੇ ਕਾਫੀ ਅਸਪਸ਼ਟਤਾ ਹੈ। ਕੁਝ ਵਿਦਵਾਨ 'ਘਰ' ਸੰਕੇਤ ਨੂੰ ਤਾਲ ਦਾ ਸੂਚਕ ਮੰਨਦੇ ਹਨ। ਕੁਝ ਵਿਦਵਾਨ ਇਸ ਨੂੰ ਸੁਰ ਨਾਲ ਸਬੰਧਤ ਕਰਦੇ ਹਨ। 'ਘਰ' ਨੂੰ ਤਾਲ ਮੰਨਣ ਵਾਲੇ ਵਿਦਵਾਨਾਂ ਦੀਆਂ ਦੋ ਸ਼੍ਰੇਣੀਆਂ ਹਨ। ਕੁਝ ਵਿਦਵਾਨ 'ਘਰ' ਦੇ ਅੰਕਾਂ ਨੂੰ ਮਾਤਰਾਵਾਂ ਨਾਲ ਸਬੰਧਤ ਕਰਕੇ ਤਾਲ ਸਮਝਦੇ ਹਨ ਅਤੇ ਕੁਝ ਵਿਦਵਾਨ ਕਿਸੇ ਤਾਲ ਵਿੱਚ ਆਏ ਵਿਭਾਗਾਂ ਨੂੰ ਦਰਸਾਉਂਦੀਆਂ ਤਾਲੀਆਂ ਦੀ ਗਿਣਤੀ ਅਨੁਸਾਰ ਤਾਲ ਸਮਝਦੇ ਹਨ।

ਇਸ ਸਾਰੇ ਕੁਝ ਵਿੱਚ ਗੁਰਬਾਣੀ ਦੇ ਆਪਣੇ ਰੂਪ ਵਿਧਾਨ ਬਾਰੇ ਕੋਈ ਗੱਲ ਨਹੀਂ ਹੁੰਦੀ। ਗੁਰਬਾਣੀ ਦੇ ਹਰ ਸ਼ਬਦ ਦਾ ਆਪਣਾ ਰੂਪ ਵਿਧਾਨ ਹੈ ਉਸ ਨੂੰ ਉਸ ਦੀਆਂ ਮਾਤਰਵਾਂ ਅਨੁਸਾਰ ਸਧਾਰਨ ਰੂਪ ਨਾਲ ਉਚਾਰਨ ਕਰਨ ਨਾਲ ਆਪਣੇ ਆਪ ਹੀ ਇੱਕ ਲੈਅ ਅਤੇ ਤਾਲ ਦੀ ਸਿਰਜਣਾ ਹੋ ਜਾਂਦੀ ਹੈ। ਉਸ ਉਪਰ ਬਾਹਰੋਂ ਕਿਸੇ ਤਾਲ ਨੂੰ ਅਪਣਾਉਣ ਦੀ ਲੋੜ ਨਹੀਂ ਰਹਿੰਦੀ। ਕੁਝ ਵਿਦਵਾਨ ਹਿੰਦੁਸਤਾਨੀ ਸੰਗੀਤ ਦੀ ਧਰਪੁਦ ਸ਼ੈਲੀ ਅਨੁਸਾਰ ਗੁਰਬਾਣੀ ਦਾ ਗਾਇਨ ਕਰਕੇ ਹਿੰਦੁਸਤਾਨੀ ਸੰਗੀਤਕਾਰਾਂ ਵਿੱਚ ਪ੍ਰਵਾਨਗੀ ਪ੍ਰਾਪਤ ਕਰਨਾ ਚਾਹੁੰਦੇ ਹਨ। ਸਾਡੀ ਬੇਨਤੀ ਹੈ ਧਰੁਪਦ ਗਾਇਨ ਵਿਧਾ ਵਿੱਚ ਜਿਹੜੀ ਸ਼ੈਲੀ ਅਜ ਕਲ ਪ੍ਰਚਲਤ ਹੈ ਇਹ ਪੁਰਾਤਨ ਕਾਲ ਵਿੱਚ ਪ੍ਰਚਲਤ ਨਹੀਂ ਸੀ। ਪੁਰਾਤਨ ਕਾਲ ਧਰੁਪਦ ਉਸ ਨੂੰ ਕਿਹਾ ਜਾਂਦਾ ਸੀ ਜਿਹੜੀ ਰਚਨਾ ਵਿੱਚ ਗਾਇਨ ਕਰਨ ਲਈ ਸਥਾਈ ਨਿਸਚਿਤ ਹੁੰਦੀ ਸੀ। ਬਾਅਦ ਵਿੱਚ ਜਦੋਂ ਗਾਇਨ ਦੀ ਸੰਗਤ ਵਿੱਚ ਵੱਜਣ ਵਾਲੇ ਸਾਜਾਂ ਦਾ ਸੋਲੋ ਵਾਦਨ ਸ਼ੁਰੂ ਹੋਇਆ ਤਾਂ ਉੱਥੇ ਵਾਦਨ ਅਨੁਸਾਰ ਧਰੁਪਦ ਗਾਇਨ ਸ਼ੈਲੀ ਦਾ ਹੀ ਅਨੁਕਰਨ ਹੋਣ ਲੱਗ ਪਿਆ। ਰਾਗ ਦੀ ਬੜਤ ਸਮੇਂ ਵੀਣਾ ਤੇ ਜੋ ਅਲਾਪ ਤਾਨਾਂ ਆਦਿ ਵਜਦੀਆਂ ਸਨ , ਗਾਇਕ ਉਸੇ ਸ਼ੈਲੀ ਅਨੁਸਾਰ ਧਰਪਦ ਗਾਇਨ ਵਿੱਚ 'ਨੋਮ ਤੋਮ' ਆਲਾਪ ਆਦਿ ਕਰਨ ਲੱਗ ਪਏ। ਇਸ ਪ੍ਰਕਿਰਿਆ ਵਿੱਚ ਧਰੁਪਦ ਕਾਵਿ ਦੇ ਬੋਲਾਂ ਦੀ ਮਹੱਤਤਾ ਘਟ ਗਈ। ਅੱਜ ਕਲ੍ਹ ਹਿੰਦੁਸਤਾਨੀ ਧਰੁਪਦ ਗਾਇਕ ਕਾਵਿ ਨਾਲੋਂ ਆਲਾਪ ਤਾਨ ਆਦਿ ਉਪਰ ਵਧੇਰੇ ਬਲ ਦਿੰਦੇ ਹਨ।

ਕੁਝ ਗੁਰਬਾਣੀ ਕੀਰਤਨਕਾਰ ਵੀ ਉਸੇ ਸ਼ੈਲੀ ਨੂੰ ਗੁਰਬਾਣੀ ਗਾਇਨ ਵਿੱਚ ਪ੍ਰਯੋਗ ਕਰਦੇ ਹਨ। ਇਸ ਨਾਲ ਗੁਰਬਾਣੀ ਕੀਰਤਨ ਦੇ ਪ੍ਰਯੋਜਨ ਦੀ ਮਹੱਤਤਾ ਘਟ ਜਾਂਦੀ ਹੈ।

ਗੁਰਬਾਣੀ ਗਾਇਨ ਦਾ ਪ੍ਰਯੋਜਨ ਸਰੋਤੇ ਅੰਦਰ ਅਧਿਆਤਮਕ ਭਾਵ ਪੈਦਾ ਕਰਨਾ ਹੈ ਨਾ ਕਿ ਕਿਸੇ ਗਾਇਕ ਦੀ ਕਲਾ ਤੋਂ ਪ੍ਰਭਾਵਿਤ ਹੋਣਾ ਹੈ। ਗੁਰਬਾਣੀ ਦਾ ਰੂਪ ਵਿਧਾਨ ਅਜੋਕੀ ਹਿੰਦੁਸਤਾਨੀ ਧਰੁਪਦ ਗਾਇਨ ਸ਼ੈਲੀ ਦਾ ਅਨੁਸਾਰੀ ਨਹੀਂ ਹੈ। ਗੁਰਮਤਿ ਸਾਹਿਤ ਵਿੱਚ ਪੁਰਾਤਨ ਕੀਰਤਨੀਆਂ ਨਾਲ ਤਾਲ ਸਾਜ਼ਾਂ ਦਾ ਬਹੁਤਾ ਜ਼ਿਕਰ ਨਹੀਂ ਆਇਆ। ਇਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ। ਅਸੀਂ 'ਘਰ' ਬਾਰੇ ਖੋਜ ਕਰਨ ਅਤੇ ਕੁਝ ਨਿਰਣੇ ਸਥਾਪਿਤ ਕਰਨ ਵਾਲੇ ਵਿਦਵਾਨਾਂ ਦਾ ਸਤਿਕਾਰ ਕਰਦੇ ਹਾਂ ਅਤੇ ਉਹਨਾਂ ਦੇ ਜਤਨ ਦੀ ਸ਼ਲਾਘਾ ਕਰਦੇ ਹਾਂ ਪਰ ਨਾਲ ਹੀ ਇਹ ਬੇਨਤੀ ਕਰਦੇ ਹਾਂ ਕਿ ਉਹਨਾਂ ਵੱਲੋ ਸਥਾਪਿਤ ਕੀਤੇ ਤਾਲ, ਗੁਰਬਾਣੀ ਗਾਇਨ ਦੇ ਕਿਰਿਆਤਮਕ ਪੱਖ ਅਤੇ ਸਰੂਪ ਅਨੁਸਾਰ ਪੂਰੇ ਨਹੀਂ ਉਤਰਦੇ। ਅਜੇ 'ਘਰ' ਸੰਕੇਤ ਬਾਰੇ ਹੋਰ ਖੋਜ ਦੀ ਲੋੜ ਹੈ। ਭੁੱਲ ਚੁੱਕ ਖਿਮਾ....

# ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ

**ਡਾ. ਜਾਗੀਰ ਸਿੰਘ**

ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ ਦੋਵੇਂ ਇਕ ਦੂਜੇ ਦੇ ਪੂਰਕ ਹਨ। ਕੀਰਤਨ ਸੰਗਤ ਵਿਚ ਹੁੰਦਾ ਹੈ ਅਤੇ ਸੰਗਤ ਕੀਰਤਨ ਸੁਣਨ ਲਈ ਇਕੱਤਰ ਹੁੰਦੀ ਹੈ। ਸੰਗਤ ਲਈ ਗੁਰਬਾਣੀ ਵਿਚ, ਸਾਧ ਸੰਗ, ਸਤਿ ਸੰਗ, ਸਾਧ ਸੰਗਤ, ਸਤਿ ਸੰਗਤ ਆਦਿ ਸ਼ਬਦ ਪ੍ਰਯੋਗ ਕੀਤੇ ਗਏ ਹਨ। ਮਨੁੱਖੀ ਸਮਾਜ ਵਿਚ ਸੰਗਤ ਇਕ ਆਦਰਸ਼ ਸਮਾਜ ਦਾ ਸਰੂਪ ਹੁੰਦਾ ਹੈ। ਇਸ ਸੰਗਤ ਵਿਚ ਸਭ ਇਕੋ ਜਿਹੇ ਹੁੰਦੇ ਹਨ, ਕੋਈ ਊਚ ਜਾਂ ਨੀਚ ਨਹੀਂ ਹੁੰਦਾ। ਜਿਸ ਨੂੰ ਪ੍ਰੇਮ ਹੋਵੇ, ਉਹ ਸ੍ਰੀ ਗੁਰੂ-ਗ੍ਰੰਥ ਸਾਹਿਬ ਦੀ ਤਾਬਿਆ ਬੈਠ ਸਕਦਾ ਹੈ। ਜਿਹੜਾ ਸੰਗੀਤ ਜਾਣਦਾ ਹੈ-ਉਹ ਕੀਰਤਨ ਕਰ ਸਕਦਾ ਹੈ। ਅਜਿਹੀ ਸੰਗਤ ਵਿਚ ਆ ਕੇ ਹਰ ਕੋਈ ਮੁਕਤ ਹੋ ਸਕਦਾ ਹੈ:

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥** " (ਗੂਜਰੀ ਮ: ੫, ਪੰਨਾ ੧੦)

ਸੰਗਤ ਦਾ ਪ੍ਰਭਾਵ ਮਾੜੇ ਨੂੰ ਚੰਗਾ ਕਰ ਦਿੰਦਾ ਹੈ:

"ਬ੍ਰਾਹਮਣ ਖਤ੍ਰੀ ਸੂਦ ਵੈਸ, ਚਾਰਿ ਵਰਣ, ਚਾਰਿ ਆਸ੍ਰਮ ਹਹਿ,
ਜੋ ਹਰਿ ਧਿਆਵੈ ਵਸੈ ਹਿਰਡ ਬਭੁੜਾ
ਤਿਉ ਸਤ ਸੰਗਤਿ ਮਿਲ ਪਤਿਤ ਪਰਵਾਣੁ ॥ " (ਗੌਂਡ ਮਹਲਾ ੪, ਪੰਨਾ ੮੬੧)

ਉਹ ਥਾਂ ਪਵਿੱਤਰ ਹੈ ਜਿੱਥੇ ਸੰਗਤ ਇਕੱਤਰ ਹੁੰਦੀ ਹੈ:

"ਥਾਨੁ ਸੁਹਾਵਾ ਪਵਿਤੁ ਹੈ, ਜਿਥੈ ਸੰਤ ਸਭਾ। " (ਸਿਰੀ ਰਾਗ ਮ: ੫, ਪੰਨਾ ੪੪)

ਭਗਤ ਕਬੀਰ ਜੀ ਤਾਂ ਉਸ ਥਾਂ ਨੂੰ ਬੈਕੁੰਠ ਕਹਿੰਦੇ ਹਨ, ਜਿੱਥੇ ਸੰਤਸੰਗ ਹੁੰਦਾ ਹੈ:

"ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥ " (ਗਉੜੀ ਕਬੀਰ ਜੀ, ਪੰਨਾ ੩੨੫

ਗੁਰਬਾਣੀ ਵਿਚ ਤਾਂ ਇਥੋਂ ਤਕ ਕਿਹਾ ਗਿਆ ਹੈ ਕਿ ਸੰਗਤ ਵਿਚ ਪ੍ਰਮਾਤਮਾ ਆਪ ਵਸਦਾ ਹੈ:

"ਸਤ ਸੰਗਤਿ ਮਹਿ ਹਰਿ ਹਰਿ ਵਸਿਆ, ਮਿਲਿ ਸੰਗਤਿ ਹਰਿ ਗੁਨ ਜਾਨ ॥ "
ਤਥਾ-"ਮਿਲਿ ਸਤਸੰਗਤਿ ਖੋਜ ਦਸਾਈ, ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ "
(ਮਾਝ ਮਹਲਾ ੫ ॥ ਪੰਨਾ ੯੪)

ਭਾਈ ਗੁਰਦਾਸ ਜੀ ਮਨੁੱਖਾ ਜਨਮ ਨੂੰ ਸਫਲ ਹੀ ਇਸੇ ਲਈ ਗਿਣਦੇ ਹਨ ਕਿ ਇਹ ਸਾਧ ਸੰਗਤ ਜਾ ਕੇ ਗੁਰਸ਼ਬਦ ਦਾ ਵਿਚਾਰ ਕਰ ਸਕਦਾ ਹੈ:

"ਮਾਣਸ ਜਨਮੁ ਦੁਲੰਭ ਹੈ, ਸਫਲ ਜਨਮੁ ਗੁਰ ਸਰਣਿ ਉਧਾਰੇ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ, ਗੁਰਬਾਣੀ ਨਿਤ ਗਾਇ ਸੁਣੰਦੇ। " (ਪਉੜੀ ੨, ਵਾਰ ੧੨)

ਪੁਰਾਤਨ ਕਥਾਵਾਂ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਭਗਤ ਲੋਕ ਸਦਾ ਹੀ ਸੰਗਤ ਵਿਚ ਬੈਠਣ ਅਤੇ ਕੀਰਤਨ ਲਈ ਤਾਂਘਦੇ ਰਹਿੰਦੇ ਸਨ। ਰਾਜਾ ਹਰੀ ਚੰਦ ਅਤੇ ਉਸ ਦੀ ਰਾਣੀ ਤਾਰਾਮਤੀ ਦੀ ਕਥਾ ਨੂੰ

ਭਾਈ ਗੁਰਦਾਸ ਜੀ ਨੇ ਕਲਮਬੰਦ ਕਰਦਿਆਂ ਲਿਖਿਆ ਹੈ: "ਸੁਖ ਰਾਜੇ ਹਰੀ ਚੰਦ ਘਰ ਨਾਰੁ ਸੁ ਤਾਰਾ ਲੋਚਨ ਰਾਣੀ। ਸਾਧ ਸੰਗਤ ਮਿਲ ਗਾਵਦੇ, ਰਾਤੀ ਜਾਇ ਸੁਣੇ ਗੁਰਬਾਣੀ।" (ਪਉੜੀ ੬, ਵਾਰ ੧੦)

ਇਹਨਾਂ ਘਟਨਾਵਾਂ ਤੋਂ ਜਿੱਥੇ ਸੰਗਤ ਦੀ ਮਹੱਤਤਾ ਦਾ ਪਤਾ ਲਗਦਾ ਹੈ, ਉਥੇ ਇਹ ਵੀ ਪਤਾ ਲਗਦਾ ਹੈ ਕਿ ਸੰਗਤ ਵਿਚ ਕੀਰਤਨ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਜਿਹੀਆਂ ਸੰਸਥਾਵਾਂ ਬਣਨ ਲੱਗ ਪਈਆਂ ਸਨ ਜਿੱਥੇ ਸੰਗਤ ਜੁੜਦੀ ਸੀ ਅਤੇ ਕੀਰਤਨ ਹੁੰਦਾ ਸੀ। ਭਾਈ ਗੁਰਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਬਾਰੇ ਦੱਸਦਿਆਂ ਲਿਖਦੇ ਹਨ:

"ਘਰ ਘਰਿ ਅੰਦਰ ਧਰਮ ਸਾਲ, ਹੋਵੈ ਕੀਰਤਨ ਸਦਾ ਵਿਸੋਆ।" (ਪਉੜੀ ੨੭, ਵਾਰ ੧)

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਚ ਰਹਿੰਦੇ ਸਨ ਤਾਂ ਉਹਨਾਂ ਦੇ ਨਿਤਨੇਮ ਬਾਰੇ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ

"ਜੋ ਕਿਛ ਅਲੂਫਾ ਗੁਰੂ ਜੋਗ ਮਿਲੈ ਸੋ ਖਾਵੇ,
ਹੋਰ ਪਰਮੇਸ਼ਰ ਦੇ ਅਰਥ ਦੇਵੇ ਅਤੇ ਨਿਤਾਪ੍ਰਤੀ
ਰਾਤ ਕਉ ਕੀਰਤਨ ਹੋਵੇ।"

ਅਧਿਆਤਮਕ ਕਵਿਤਾ ਅਰਥਾਤ ਬਾਣੀ ਦੀ ਸਿਰਜਣ ਪ੍ਰਕਿਰਿਆ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਦੀ ਸਿਰਜਣਾ ਸਮੇਂ ਸੰਗਤ ਅਤੇ ਸੰਗੀਤ ਦਾ ਹੋਣਾ ਜ਼ਰੂਰੀ ਹੈ। ਡਾਕਟਰ ਪੀਤਾਂਬਰ ਦੱਤ ਬੜਥਵਾਲ ਲਿਖਦੇ ਹਨ ਕਿ ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਨਾਕਾਫੀ ਹੈ। ਇਸ ਲਈ ਭਾਸ਼ਾ ਦੇ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ। ਸੰਗੀਤ ਭਾਸ਼ਾ ਨਾਲੋਂ ਵਧੇਰੇ ਕਾਰਗਰ ਸਾਬਤ ਹੁੰਦਾ ਹੈ। ਡਾ. ਸੀਮੈਨ ਦਾ ਕਹਿਣਾ ਹੈ ਕਿ ਅਸੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇਕ ਲੰਮੇ ਲੇਖ ਦੀ ਥਾਂ ਕੇਵਲ ਇਕ ਹੀ ਸੁਰ ਵਿਚ ਭਲੀ ਭਾਂਤ ਕਰ ਸਕਦੇ ਹਾਂ। ਇਸ ਲਈ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਨੇ ਬਾਣੀ ਦੇ ਨਾਲ ਸੰਗੀਤ ਨੂੰ ਸੰਬੰਧਤ ਕੀਤਾ। ਅਧਿਆਤਮਕ ਅਨੁਭਵੀ ਆਪਣੇ ਅਨੁਭਵ ਨੂੰ ਕੇਵਲ ਆਪਣੇ ਤਕ ਸੀਮਤ ਨਹੀਂ ਰੱਖ ਸਕਦਾ। ਇਸ ਅਨੁਭਵ ਨਾਲ ਉਸ ਨੂੰ ਸਮਝ ਆ ਜਾਂਦੀ ਹੈ ਕਿ ਅਸਲ ਗੱਲ ਤਾਂ 'ਆਪ ਜਪੈ ਅਵਰਾ ਨਾਮ ਜਪਾਵੈ ਹੈ। ਇਸ ਲਈ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਠੀਕ ਹੀ ਲਿਖਿਆ ਹੈ:

"ਅਧਿਆਤਮਕ ਮੰਡਲਾਂ ਵਿਚ ਸਾਧਨਾਂ ਕਰਨ ਤੋਂ ਉਪਰੰਤ ਪ੍ਰਾਪਤ ਕੀਤੇ ਤਜਰਬਿਆਂ ਨੂੰ ਆਪਣੇ ਸੀਨੇ ਦੀ ਚਾਰਦੀਵਾਰੀ ਵਿਚ ਰੋਕ ਰੱਖਣਾ ਇਕ ਸਾਧਕ ਲਈ ਬੜਾ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਸਾਧਕ ਬਿਹਬਲ ਹੋ ਉੱਠਦਾ ਹੈ।" ਪ੍ਰਗਟ ਕਰਨ ਦੀ ਇਸ ਮਜਬੂਰੀ ਕਰ ਕੇ ਵੀ ਗੁਰੂ ਸਾਹਿਬਾਨ ਇਸ ਬਾਣੀ ਬਾਰੇ ਲਿਖਦੇ ਹਨ:

"ਹਉ ਆਪਹੁ ਬੋਲਿ ਨਾ ਜਾਣਦਾ,
ਮੈਂ ਕਹਿਆ ਸਭੁ ਹੁਕਮਾਉ ਜੀਉ॥" (ਸੂਹੀ ਮਹਲਾ ੫, ਪੰਨਾ ੭੬੩)

ਤਥਾ "ਜੈਸੀ ਮੈਂ ਆਵੇ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ॥"
(ਤਿਲੰਗ ਮਹਲਾ ੧, ਪੰਨਾ ੧੨੨)

ਹੁਣ ਸਵਾਲ ਹੈ ਕਿ ਇਹ ਅਨੁਭਵ ਕਿਸ ਅੱਗੇ ਪ੍ਰਗਟ ਕੀਤਾ ਜਾਵੇ? ਕੋਈ ਅਜਿਹਾ ਸਰੋਤਾ ਚਾਹੀਦਾ ਹੈ ਜਿਹੜਾ ਭਾਈ ਲਾਲੋ ਵਾਂਗ ਸੁਹਿਰਦ ਹੋਵੇ। ਪਰ ਅਜਿਹੇ ਸਰੋਤਿਆਂ ਦੀ ਬੜੀ ਘਾਟ ਹੈ। ਇਸ ਘਾਟ ਨੂੰ ਗੁਰਬਾਣੀ

ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ:

"ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥
ਕਉਣੁ ਜਾਣੈ ਪੀਰ ਪਰਾਈ॥" (ਬਿਲਾਵਲੁ ਮਹਲਾ ੧, ਪੰਨਾ ੭੯੫)

ਤਥਾ "ਮਨੁ ਪਰਦੇਬੀ ਜੇ ਥੀਐ, ਸਭ ਦੇਸੁ ਪਰਾਇਆ॥
ਕਿਸ ਪਹਿ ਖੋਲਉ ਗੰਠੜੀ, ਦੂਖੀ ਭਰਿ ਆਇਆ॥ (ਰਾਗ ਸੂਹੀ ਛੰਤ ਮਹਲਾ ੧, ਪੰਨਾ ੭੬੭)

ਜਾਂ "ਖੰਭ ਵਿਕਾਂਦੜੇ ਜੇ ਲਹਾਂ, ਘਿੰਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ, ਲਹਾਂ ਸੁ ਸਜਣ ਟੋਲਿ॥ (ਸਲੋਕ ਮਹਲਾ ੫, ਪੰਨਾ ੧੪੨੬)

ਜਾਂ "ਗਲੀਂ ਸੁ ਸਜਣ ਵੀਹ, ਇਕ ਢੂੰਢੇਦੀ ਨ ਲਹਾਂ॥
ਧੁਖਾਂ ਜਿਉ ਮਾਂਲੀਹ, ਕਾਰਣਿ ਤਿੰਨ੍ਹਾ ਮਾ ਪਿਰੀ॥ (ਸਲੋਕ ਸ਼ੇਖ ਫਰੀਦ ਜੀ, ਪੰਨਾ ੧੩੮੨)

ਅਜਿਹੇ ਹੋਰ ਵੀ ਕਈ ਹਵਾਲੇ ਮਿਲਦੇ ਹਨ ਜਿਹਨਾਂ ਤੋਂ ਸੁਹਿਰਦ ਸੱਜਣਾਂ ਦੀ ਘਾਟ ਦਾ ਪਤਾ ਲਗਦਾ ਹੈ। ਸੋ ਗੁਰਬਾਣੀ ਸੁਣਨ ਵਾਸਤੇ ਖਾਸ ਸਰੋਤਿਆਂ ਦੀ ਜ਼ਰੂਰਤ ਹੁੰਦੀ ਹੈ। ਇਹ ਸਰੋਤੇ ਹੀ ਸੰਗਤ ਦਾ ਰੂਪ ਧਾਰ ਸਕਦੇ ਹਨ। ਅਜਿਹੇ ਸਰੋਤਿਆਂ ਨੂੰ ਇਕੱਠਾ ਕਰਨ ਲਈ ਸੰਗੀਤ ਬਹੁਤ ਮਦਦਗਾਰ ਸਾਬਤ ਹੁੰਦਾ ਹੈ।

ਸੰਗੀਤ ਇਕ ਅਜਿਹੀ ਕਲਾ ਹੈ ਜਿਸ ਤੋਂ ਹਰ ਜੀਵ ਪ੍ਰਭਾਵਤ ਹੁੰਦਾ ਹੈ। ਸੰਗੀਤ ਰਤਨਾਕਰ ਵਿਚ ਲਿਖਿਆ ਹੈ:

'ਪਾਰਬਤੀ-ਪਤੀ ਅਤੇ ਦੇਵਤੇ ਸੰਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵੱਸ ਹੋ ਗਏ। ਬ੍ਰਹਮਾ ਸਾਮ-ਗਾਨ ਕਰਦੇ ਹਨ। ਸੁਰਸਤੀ ਵੀਣਾ ਵਿਚ ਮਗਨ ਹੈ। ਯਕਸ਼, ਗੰਧਰਬ, ਦੇਵ-ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਵਿਕਾਰਾਂ ਤੋਂ ਕੋਰਾ ਪੰਘੂੜੇ ਵਿਚ ਪਿਆ ਰੋਂਦਾ ਬਾਲਕ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਜਿਹੜੇ ਕਠੋਰ ਵਿਅਕਤੀ ਸੰਗੀਤ ਨਾਲ ਵੀ ਪ੍ਰਭਾਵਤ ਨਹੀਂ ਹੁੰਦੇ, ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦੱਸਦਿਆਂ ਕਹਿੰਦਾ ਹੈ ਕਿ ਇਹਨਾਂ ਤੇ ਕਦੇ ਇਤਬਾਰ ਨਹੀਂ ਕੀਤਾ ਜਾਣਾ ਚਾਹੀਦਾ। ਅਜਿਹੇ ਵਿਅਕਤੀ ਗੁਰਬਾਣੀ ਦੇ ਸਰੋਤੇ ਨਹੀਂ ਬਣ ਸਕਦੇ। ਸੰਗੀਤ ਦੱਸਦਾ ਹੈ ਕਿ ਕਿਹੜੇ ਵਿਅਕਤੀ ਵਿਚ ਮਨੁੱਖੀ ਹਮਦਰਦੀ ਦੀ ਕਣੀ ਹੈ। ਜਦੋਂ ਮਰਦਾਨੇ ਦੀ ਰਬਾਬ ਵੱਜਦੀ ਸੀ ਤਾਂ ਉਹ ਕਿਸੇ ਵਿਅਕਤੀ ਨੂੰ ਧੂਹ ਪਾਉਂਦੀ ਸੀ। ਉਹ ਵਿਅਕਤੀ ਸੰਗਤ ਦੇ ਰੂਪ ਵਿਚ ਆ ਬੈਠਦਾ ਸੀ। ਸੰਗੀਤ ਦੇ ਅਸਰ ਅਤੇ ਸੰਗਤ ਦੀ ਸਿਰਜਣਾ ਬਾਰੇ ਭਾਈ ਵੀਰ ਸਿੰਘ ਹੋਰਾਂ ਦਾ ਇਹ ਕਥਨ ਵੀ ਵਾਚਣਯੋਗ ਹੈ:

"ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾਂ ਬਹੁਤ ਪਥਰਾਈ ਕਾਰਨ ਪੰਘਰਨੋ ਅੜ ਖਲੋਤੇ ਤਾਂ ਰੰਗ ਰੱਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿਚ ਗੋਤਾ ਲਾਇਆ ਅਤੇ ਰਤਨਾ ਜਵਾਹਰਾਂ ਮੋਤੀਆਂ ਨਾਲ ਡੁੱਲ ਡੁੱਲ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ ਤੇਜ ਦਾ ਅਸਰ ਚੁਫੇਰੇ ਪਾਇਆ ਅਤੇ ਸੰਗੀਤ ਲਹਿਰਾਉਂਦੀ ਛੂਹ ਨਾਲ ਉਹ ਨਾ ਪੰਘਰੇ ਮਨ ਦ੍ਰਵ ਕੇ ਵਹਿ ਤੁਰੇ ਤੇ ਵਹਿ ਕੇ ਜਾ ਮਿਲੇ

ਓਰਾ ਗਰਿ ਪਾਨੀ ਭਇਆ, ਜਾਇ ਮਿਲਿਓ ਢਲਿ ਕੂਲਿ॥ (ਸਲੋਕ ਭਗਤ ਕਬੀਰ ਜੀ, ਪੰਨਾ ੧੩੭੮)

ਇਸ ਤਰ੍ਹਾਂ ਸੰਗੀਤ ਸਰੋਤੇ ਨੂੰ ਸਮੂਹ ਦਾ ਇਕ ਅੰਗ ਬਣਾ ਦਿੰਦਾ ਹੈ, ਜਿਸ ਵਿਚ ਗਾਉਣ ਵਾਲਾ, ਸੁਣਨ

ਵਾਲਾ, ਗੀਤ, ਸੰਗੀਤ, ਵਿਚਾਰ ਤੇ ਭਾਵ ਆਦਿ ਇਕ ਮਿਕ ਹੋ ਜਾਂਦੇ ਹਨ।

ਸਿੱਖ ਗੁਰੂ ਸਾਹਿਬਾਨ ਨੇ ਸੰਗਤ ਅਤੇ ਸੰਗੀਤ ਨੂੰ ਕੇਵਲ ਬਾਣੀ ਵਿਚ ਹੀ ਨਹੀਂ ਪ੍ਰਚਾਰਿਆ ਸਗੋਂ ਸੰਸਥਾਤਮਕ ਪੱਧਰ ਉੱਤੇ ਵੀ ਇਸ ਲਈ ਉਚੇਚੇ ਯਤਨ ਕੀਤੇ। ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ, ਉਥੇ ਧਰਮਸ਼ਾਲਾ ਕਾਇਮ ਕਰਨ ਦਾ ਉਪਦੇਸ਼ ਦਿੱਤਾ ਅਤੇ ਇਹਨਾਂ ਸਥਾਨਾਂ ਤੇ ਰੋਜ਼ਾਨਾ ਕੀਰਤਨ ਹੁੰਦਾ ਹੈ। ਉਹਨਾਂ ਨੇ ਜਦੋਂ ਕਰਤਾਰ ਪੁਰ ਵਿਖੇ ਨਿਵਾਸ ਕੀਤਾ ਤਾਂ ਉਥੇ ਰੋਜ਼ ਸੰਗਤ ਨੂੰ ਨਿਤਨੇਮ ਲਈ ਪ੍ਰੇਰਿਆ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

"ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਪੁ ਉਚਾਰਾ।" (ਪਉੜੀ ੩੮, ਵਾਰ ੧)

ਇਸ ਪਉੜੀ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ ਜੀ ਲਿਖਦੇ ਹਨ:

"ਕਰਤਾਰ ਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰੀਏ। ਸੰਧਿਆ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ, ਪਹਿਰ ਰਾਤ ਗਈ ਸੋਹਲਾ ਪੜ੍ਹੀਏ ਅਰ ਪਿਛਲੀ ਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਜੁੜੀ ਸੰਗਤ ਨਾਲ ਕੀਰਤਨੀਆਂ, ਕੀਰਤਨ ਅਤੇ ਕਥਾ ਆਦਿ ਬਾਰੇ ਵਿਚਾਰ ਹੁੰਦੀ ਸੀ। ਸਿੱਖਾਂ ਦੀ ਭਗਤਮਾਲਾ ਵਿਚ ਮਾਲੋ ਅਤੇ ਸੀਹਾਂ ਦੋ ਸਿੱਖਾਂ ਦੀ ਸਾਖੀ ਵਿਚ ਕੀਰਤਨ ਨੂੰ ਸਰਬੋਤਮ ਦੱਸਿਆ ਹੈ। ਸਰੋਤਿਆਂ ਬਾਰੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਾਖੀ ਵਿਚ ਲਿਖਿਆ ਹੈ:

"ਕਾਗ ਭਸੁੰਡ ਬਾਬੇ ਅੱਗੇ ਮੱਥਾ ਟੇਕਿਆ। ਬਾਬੇ ਕਹਿਆ ਪੰਜ ਪ੍ਰਕਾਰ ਦੇ ਸ੍ਰੋਤੇ ਕੀਰਤਨ ਕੇ ਹੋਤੇ ਹੈ-ਇਕ ਰਾਗ ਰਾਗਨੀਆਂ ਸਮਝਦੇ ਹਨ। ਇਕ ਸੁਰ ਨੂੰ ਸਮਝਦੇ ਹਨ। ਇਕ ਸਾਜ਼ ਨੂੰ ਸਮਝਦੇ ਹੈਨ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤ੍ਰਮ ਵੱਡੇ ਸਰੋਤੇ ਹੋ ਜੋ ਸ਼ਬਦ ਦੇ ਤਾਤਪਰਜ਼ ਨੂੰ ਸਮਜ਼ੇ ਹੋ। ਕਾਂਗ ਭਸੁੰਡ ਕਹਿਆ ਉਤਮ ਹੈ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿੱਲ ਖਾਤੇ ਹੈ।"

ਇਸ ਤਰ੍ਹਾਂ ਇਹ ਸਾਖੀ ਜਿੱਥੇ ਸਰੋਤੇ ਦਾ ਸਥਾਨ ਨਿਸ਼ਚਿਤ ਕਰਦੀ ਹੈ ਉਥੇ ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ। ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਸਰੋਤੇ ਨੂੰ ਸੰਗੀਤ ਦੀ ਸੂਝ ਹੀ ਨਾ ਹੋਵੇ। ਗੁਰੂ ਨਾਨਕ ਦੇਵ ਜੀ ਗੁਰਬਾਣੀ ਦਾ ਆਨੰਦ ਪ੍ਰਾਪਤ ਕਰਨ ਲਈ ਸਰੋਤੇ ਵਿਚ ਹੇਠ ਲਿਖੇ ਗੁਣਾਂ ਦਾ ਹੋਣਾ ਜ਼ਰੂਰੀ ਦੱਸਦੇ ਹਨ:

"ਇਕਨਾ ਨਾਦ ਨੇ ਬੇਦ ਨ ਗੀਅ ਰਸੁ, ਰਸ ਕਸ ਨਾ ਜਾਣੰਤਿ॥

ਇਕਨਾ ਸੁਧਿ ਨਾ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ॥

ਨਾਨਕ ਸੇ ਨਰ ਅਸਲਿ ਪਰ, ਜਿ ਬਿਨੁ ਗੁਣ ਗਰਬੁ ਕਰੰਤਿ॥" (ਵਾਰ ਸਾਰੰਗ ਮਹਲਾ ੧, ਪੰਨਾ ੧੨੮੬)

ਸ੍ਰੀ ਗੁਰ ਅਮਰਦਾਸ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਜੁੜੀ ਸੰਗਤ ਨੂੰ ਨਿਰਬਾਣ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਇਸ ਸੰਬੰਧੀ ਬਾਬਾ ਸੁੰਦਰ ਜੀ 'ਰਾਮਕਲੀ ਸਦੁ' ਵਿਚ ਲਿਖਦੇ ਹਨ

ਅੰਤੇ ਸਤਿਗੁਰ ਬੋਲਿਆ, ਮੈਂ ਪਿੱਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ। (ਪੰਨਾ 923)

ਸੰਗਤ ਵਿਚ ਕੀਰਤਨ ਦੀ ਪ੍ਰਥਾ ਨੂੰ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਆਪ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਣ ਕਰਨ ਲਈ ਬਲਵੰਡ ਰਬਾਬੀ ਵੀ ਖਡੂਰ ਸਾਹਿਬ ਭੇਜਿਆ ਤੇ ਕਿਹਾ:

ਬਲਵੰਤ ਰਬਾਬੀ ਤੁਮ ਸੰਗ ਜਾਵੇ। ਸਮੇਂ ਸਮੇਂ ਹਰਿ ਕੀਰਤਨ ਗਾਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਭਾਵੇਂ ਸਥਾਪਤ ਕੀਤੀਆਂ ਧਰਮਸਾਲਾਂ ਅਤੇ ਸੰਗਤਾਂ ਵਿਚ ਕੀਰਤਨ ਹੁੰਦਾ ਸੀ, ਪ੍ਰੰਤੂ ਮੁੱਖ ਸਥਾਨ ਉਹ ਹੀ ਹੁੰਦਾ ਸੀ ਜਿੱਥੇ ਗੁਰੂ ਸਾਹਿਬਾਨ ਦਾ ਨਿਵਾਸ ਸੀ। ਗੁਰੂ ਅੰਗਦ ਦੇਵ ਜੀ ਕਰਤਾਰ ਪੁਰ ਤੋਂ ਖਡੂਰ ਸਾਹਿਬ ਆ ਗਏ ਪਰ ਸੰਗਤ ਦੀ ਮਰਯਾਦਾ ਉਹ ਹੀ ਕਾਇਮ ਰੱਖੀ ਜਿਹੜੀ ਗੁਰੂ ਨਾਨਕ ਦੇਵ ਨੇ ਚਲਾਈ ਸੀ। ਇਥੇ ਸਵੇਰੇ-ਸ਼ਾਮ ਬਲਵੰਡ ਰਬਾਬੀ ਅਤੇ ਸੱਤਾ ਕੀਰਤਨ ਕਰਦੇ। ਭਾਈ ਵੀਰ ਸਿੰਘ ਜੀ ਅਨੁਸਾਰ:

"ਐਉਂ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਖੇ ਗੁਰੂ ਜੀ

(ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ, ਜਿਹਨਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਵੀ ਗੋਇੰਦਵਾਲ ਵਿਖੇ ਸੰਗਤ ਨੂੰ ਕਾਇਮ ਰੱਖਣ ਲਈ ਜਿਹੜਾ ਨਿਤਨੇਮ ਕਰਦੇ ਸਨ, ਉਸ ਸਾਰੇ ਗਿ. ਗਿਆਨ ਸਿੰਘ ਨੇ ਇੰਝ ਲਿਖਿਆ ਹੈ:

"ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ..., ਪਹੁ ਫੁੱਟੀ ਤੋਂ ਸਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ, ਭਾਈ ਸਾਦੂ, ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ।"

ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਨੂੰ ਸੰਗਤ ਵਿਚ ਆ ਕੇ ਗੁਰਬਾਣੀ ਗਾਉਣ ਦਾ ਆਦੇਸ਼ ਆਪਣੀ ਬਾਣੀ ਵਿਚ ਵੀ ਦਿੰਦੇ ਹਨ:

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ॥

ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆਂ ਸਿਰ ਬਾਣੀ।" (ਰਾਮਕਲੀ ਮਹਲਾ ੩, ਪੰਨਾ ੯੨੦)

ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਵਿਖੇ ਰਹਿੰਦਿਆਂ ਹੋਇਆਂ ਸੰਗਤ ਦੀ ਜਿਹੜੀ ਮਰਯਾਦਾ ਸੀ, ਉਸ ਬਾਰੇ ਵੀ ਲਿਖਿਆ ਗਿਆ ਸੀ:

"ਇਹ ਗੁਰੂ ਸਾਹਿਬ ਭੀ ਪਿਛਲੇ ਗੁਰੂ ਸਾਹਿਬਾਨ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸ਼ੌਚ ਇਸ਼ਨਾਨ ਕਰ ਆਤਮਾ ਪ੍ਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪਹੁ ਫੁੱਟੀ ਤੋਂ ਸਭਾ (ਸੰਗਤ) ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ।"

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਤਾਂ ਸੰਗਤ ਅਤੇ ਕੀਰਤਨ ਦੀ ਮਹੱਤਤਾ ਸਿਖਰਾਂ ਤੇ ਪੁੱਜ ਗਈ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸੰਪਾਦਤ ਕਰਕੇ ਇਸ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕਰ ਦਿੱਤਾ। ਹੁਣ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜਨ ਲੱਗ ਪਈ। ਭਾਈ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗੀਤ ਨੂੰ ਘਰਾਣਿਆਂ ਦੀ ਚਾਰ ਦੀਵਾਰੀ ਵਿਚੋਂ ਕੱਢ ਕੇ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਉਹਨਾਂ ਦੇ ਹੇਠ ਲਿਖੇ ਵਾਕ ਸੰਗਤ ਅਤੇ ਕੀਰਤਨ ਦੀ ਮਹਾਨਤਾ ਨੂੰ ਦਰਸਾਉਂਦੇ ਹਨ:

"ਗੁਰਦੁਆਰੇ ਹਰਿ ਕੀਰਤਨ ਸੁਣੀਐ॥

ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।" (ਮਾਰੂ ਮਹਲਾ ੫, ਪੰਨਾ ੧੦੧੮)

ਸੰਗਤ ਵਿਚ ਕੀਤੇ ਕੀਰਤਨ ਦੀ ਮਹਿਮਾ ਕਮਾਲ ਹੈ। ਕਹਿੰਦੇ ਹਨ ਇਸ ਸੁੰਦਰ ਕੀਰਤਨ ਪ੍ਰਭਾਵ ਤੋਂ ਤਾਨਸੈਨ ਵਰਗਾ ਮਹਾਨ ਗਾਇਕ ਵੀ ਅਭਿੱਜ ਨਹੀਂ ਸੀ ਰਹਿ ਸਕਿਆ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤਿ ਜੋਤਿ ਸਮਾਉਣ ਸਮੇਂ ਤੀਜੇ ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਕੀਰਤਨ ਦਾ ਸਮਾਗਮ ਰਚਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

"ਕਰਹਿ ਰਬਾਬੀ ਕੀਰਤਨ ਆ ਕੇ

ਕਰਿ ਸਿਖ ਗਾਇ ਜਿ ਰਾਗੀ ਬਨੇ।"

ਸ੍ਰੀ ਗੁਰੂ ਹਰਿ ਰਾਇ ਜੀ ਨੇ ਨਿਤਨੇਮ ਵਿਚ ਵੀ ਕੀਰਤਨ ਅਤੇ ਸੰਗਤ ਦਾ ਸਮਾਗਮ ਹੁੰਦਾ ਸੀ:

"ਜਿੱਥੇ ਗੁਰੂ ਜੀ ਜਾਣ, ਦੋ ਵੇਲੇ ਦੀਵਾਨ ਲੱਗੇ, ਭਾਈ ਜੱਸ, ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇਕ ਵੇਲੇ ਚੌਕੀ ਕਰਨ, ਦੂਜੇ ਵੇਲੇ ਭਾਈ ਸੇਵਾ, ਰੱਤਾ, ਪੰਜਾਬ ਆਦਿਕ ਕੀਰਤਨ ਕਰਨ। ਕਥਾ-ਕੀਰਤਨ ਸਤਸੰਗ ਦਾ ਪ੍ਰਵਾਹ ਚੱਲਿਆ ਰਹੇ।"

ਸ੍ਰੀ ਗੁਰੂ ਤੇਗ ਬਹਾਦਰ ਜੀ ਤਾਂ ਸੰਗਤ ਵਿਚ ਕੀਰਤਨ ਕਰਨ ਵੇਲੇ ਕੀਰਤਨੀਆਂ ਦਾ ਸਨਮਾਨ ਵੀ ਕਰਦੇ ਸਨ। ਜੌਨਪੁਰ ਦੇ ਇਕ ਮਸੰਦ ਗੁਰਬਖਸ਼ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਉਸਨੂੰ ਆਪਣਾ ਨਿੱਜੀ ਮਿਰਦੰਗ ਇਨਾਮ ਵਜੋਂ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਅਤੇ ਕੀਰਤਨ ਨੂੰ ਸਿੱਖ ਰਹੁ ਰੀਤ ਦਾ ਲਾਜ਼ਮੀ ਅੰਗ ਬਣਾ ਦਿੱਤਾ ਸੀ। ਪ੍ਰਸ਼ਨ ਉੱਤਰ ਭਾਈ ਨੰਦ ਲਾਲ ਕਾ ਵਿਚ ਲਿਖਿਆ ਹੈ।

"ਗੁਰ ਸਿੱਖ ਰਹਿਤ ਸੁਨਹੁ ਹੇ ਮੀਤ।

ਪਰਭਾਤੇ ਉਠ ਕਰ ਹਿਤ ਚੀਤ।

ਵਾਹਿਗੁਰੂ ਗੁਰ ਮੰਤ੍ਰ ਸੁ ਜਾਪ।

ਕਰ ਇਸਨਾਨ ਪੜੈ ਜਪੁ ਜਾਪ।

ਸੰਧਯਾ ਸਮੈ ਸੁਨੈ ਰਹਿਰਾਸ।

ਕੀਰਤਨ ਕਥਾ ਸੁਨੇ ਹਰਿ ਯਾਸ।

'ਤਨਖਾਹ ਨਾਮਾ ਭਾਈ ਨੰਦ ਲਾਲ ਜੀ' ਵਿਚ ਲਿਖਿਆ ਹੈ:

ਗੁਰੂ ਸਾਹਿਬਾਨ ਕੇਵਲ ਸਤਸੰਗ ਜਾਣ ਨੂੰ ਹੀ ਕਾਫੀ ਨਹੀਂ ਸਮਝਦੇ, ਸਗੋਂ ਉਥੇ ਜਾ ਕੇ ਪ੍ਰੇਮ ਨਾਲ ਕੀਰਤਨ ਸੁਣਨ ਦਾ ਹੁਕਮ ਦਿੰਦੇ ਹਨ। ਜਿਹੜੇ ਸੰਗਤ ਵਿਚ ਜਾ ਕੇ ਗੱਲਾਂ ਕਰਦੇ ਹਨ। ਉਹ ਸਜ਼ਾ ਦੇ ਭਾਗੀ ਹਨ:

"ਸਤਸੰਗ ਜਾਇ ਕਰ ਚਿਤ ਡੁਲਾਵੈ।

ਹਰਿ ਯਸ ਸੁਨਤੇ ਬਾਤ ਚਲਾਵੈ।

ਸੋ ਤਨਖਾਹੀ ਮੂਲ ਕਹਾਵੈ।

ਅੱਜੋਕੇ ਸਮੇਂ ਵਿਚ ਸਿੱਖ ਪੰਥ ਵੱਲੋਂ ਜਿਹੜੀ ਰਹਿਤ ਮਰਯਾਦਾ ਤਿਆਰ ਕੀਤੀ ਗਈ ਹੈ, ਉਸ ਵਿਚ ਸੰਗਤ ਅਤੇ ਕੀਰਤਨ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਇਸ 'ਸਿੱਖ ਰਹਿਤ ਮਰਯਦਾ' ਵਿਚ ਗੁਰਬਾਣੀ ਅਭਿਆਸ ਤੇ ਜ਼ੋਰ ਦਿੰਦਿਆਂ ਲਿਖਿਆ ਹੈ:

"ਗੁਰਬਾਣੀ ਦਾ ਅਸਰ ਸਾਧਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ

ਗੁਰਬਾਣੀ ਤੋਂ ਲਾਭ ਉਠਾਵੇ।"

ਕੀਰਤਨ ਕੌਣ ਕਰ ਸਕਦਾ ਹੈ, ਅਤੇ ਕਿਸ ਬਾਣੀ ਦਾ ਕੀਤਾ ਜਾ ਸਕਦਾ ਹੈ, ਸੰਬੰਧੀ ਵਰਣਨ ਹੈ:

"ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

ਕੀਰਤਨ ਦੀ ਅਹਿਮੀਅਤ ਇਸ ਕਥਨ ਤੋਂ ਵੀ ਸਪਸ਼ਟ ਹੁੰਦੀ ਹੈ:

"ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ- ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।"

ਸਿੱਖ ਸੰਸਕਾਰਾਂ ਸਮੇਂ ਵੀ ਸੰਗਤ ਵਿਚ ਕੀਰਤਨ ਦਾ ਨਿਯਮ ਬਣਾਇਆ ਗਿਆ ਹੈ।

"ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਗਿਣਤੀ ਕੋਈ ਮੁਕੱਰਰ ਨਹੀਂ), ਟੱਬਰ ਅਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰ ਦਿਤਾ ਬੰਨਾ '(ਸੋਰਠਿ ਮ: ੫), 'ਸਤਿਗੁਰ ਸਾਚੈ ਦੀਆਂ ਭੇਜਿ' (ਆਸਾ ਮ: ') ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ।"

ਵਿਆਹ ਬਾਰੇ 'ਸਿੱਖ ਰਹਿਤ ਮਰਯਾਦਾ' ਵਿਚ ਲਿਖਿਆ ਹੈ:

"ਇਕ ਲਾਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ ਵਰ ਦਾ ਪੱਲਾ ਫੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ।"

ਮਿਰਤਕ ਸੰਸਕਾਰ ਸੰਬੰਧੀ ਆਦੇਸ਼ ਹਨ:

"ਫਿਰ ਸੰਗਤ (ਚਿਤਾ ਤੋਂ) ਕੁਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ।"

ਇਸ ਤਰ੍ਹਾਂ ਹੁਣ ਵੀ ਸਿੱਖ-ਧਰਮ ਵਿਚ ਸੰਗਤ ਅਤੇ ਕੀਰਤਨ ਇਕ ਜ਼ਰੂਰੀ ਅੰਗ ਹਨ। ਅੱਜੋਕੇ ਸਮੇਂ ਵਿਚ ਕੀਰਤਨ ਕਰਨ ਦੇ ਢੰਗ ਅਤੇ ਸੰਗਤ ਦੇ ਸੰਬੰਧ ਬਾਰੇ ਵਿਚਾਰ ਕਰਨ ਦੀ ਵੀ ਲੋੜ ਮਹਿਸੂਸ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਦਾ ਕੀਰਤਨ ਕਰਨ ਲਈ ਸੰਗਤ ਦੀ ਰੁਚੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਹਨਾਂ ਨੇ ਜਿਹੜੀਆਂ ਸੰਗਤਾਂ ਨੂੰ ਉਪਦੇਸ਼ ਦੇਣਾ ਹੁੰਦਾ ਸੀ, ਉਹਨਾਂ ਦੀ ਰੁਚੀ ਅਨੁਸਾਰ ਰਾਗ ਦੀ ਵਰਤੋਂ ਕਰਦੇ ਸਨ। ਜਿਵੇਂ ਤਿਲੰਗ ਰਾਗ ਮੁਸਲਮਾਨਾਂ ਦਾ ਹਰਮਨ ਪਿਆਰਾ ਰਾਗ ਹੈ। ਇਸ ਲਈ ਇਸ ਰਾਗ ਦਾ ਪ੍ਰਯੋਗ ਕਰਦਿਆਂ ਉਹ ਮੁਸਲਮਾਨਾਂ ਨੂੰ ਉਪਦੇਸ਼ ਦਿੰਦੇ ਹਨ। ਇਸ ਰਾਗ ਵਿਚ ਬਾਣੀ ਵਿਚ ਫਾਰਸੀ ਦੀ ਸ਼ਬਦਾਵਲੀ ਇਸ ਗੱਲ ਦਾ ਸਬੂਤ ਹੈ। ਕੁਝ ਸ਼ਬਦ ਤਾਂ ਬਿਲਕੁਲ ਹੀ ਫਾਰਸੀ ਰੰਗ ਵਿਚ ਹਨ:

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ॥" (ਤਿਲੰਗ ਮਹਲਾ ੫, ਪੰਨਾ ੭੨੧)

ਜਾਂ- "ਖਾਕ ਨੂਰ ਕਰਦੰ, ਆਲਮ ਦੁਨੀਆਇ॥
ਅਸਮਾਨ ਜਿਮੀ ਦਰਖਤ, ਆਬ ਪੈਦਾਇਸਿ ਖੁਦਾਇ॥" (ਤਿਲੰਗ ਮਹਲਾ ੫, ਪੰਨਾ ੭੨੩)

ਜੋਗੀਆਂ ਨੂੰ ਉਪਦੇਸ਼ ਵਾਲੇ ਬਹੁਤੇ ਸ਼ਬਦ ਰਾਮਕਲੀ ਰਾਗ ਵਿਚ ਆਏ ਹਨ। 'ਸਿੱਧ ਗੋਸਟ' ਵੀ ਰਾਗ ਰਾਮਕਲੀ ਵਿਚ ਹੀ ਹੈ। ਕਿਹਾ ਜਾਂਦਾ ਹੈ ਰਾਮਕਲੀ ਰਾਗ ਜੋਗੀਆਂ ਵਿਚ ਬਹੁਤ ਪ੍ਰਚਲਤ ਸੀ।

ਰਾਗ ਤੋਂ ਬਿਨਾਂ ਗੁਰੂ ਸਾਹਿਬਾਨ ਨੇ ਖਾਸ ਇਲਾਕਿਆਂ ਵਿਚ ਕੁਝ ਪ੍ਰਚਲਤ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਜਿਵੇਂ ਕੁਝ ਵਾਰਾਂ ਨੂੰ ਆਮ ਲੋਕਾਂ ਵਿਚ ਪ੍ਰਚਲਤ ਲੋਕ ਵਾਰਾਂ ਦੀਆਂ ਧੁਨਾਂ ਉੱਤੇ ਗਾਉਣ ਲਈ ਆਦੇਸ਼ ਦਿੱਤਾ

ਗਿਆ ਹੈ।

ਰਾਗ ਅਤੇ ਧੁਨ ਸਰੋਤਿਆਂ ਨੂੰ ਬਾਣੀ ਸੁਣਨ ਲਈ ਖਿੱਚ ਲੈਂਦੇ ਹਨ। ਕੁਝ ਰਾਗੀ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਪ੍ਰਚਲਤ ਫਿਲਮੀ ਤਰਜ਼ਾਂ ਉੱਤੇ ਸ਼ਬਦ ਗਾਉਂਦੇ ਹਨ। ਇਸ ਨਾਲ ਆਮ ਸਰੋਤੇ ਪ੍ਰਭਾਵਤ ਤਾਂ ਹੁੰਦੇ ਹਨ, ਪਰ ਉਹਨਾਂ ਉੱਪਰ ਗੁਰਬਾਣੀ ਦਾ ਠੀਕ ਪ੍ਰਭਾਵ ਨਹੀਂ ਪੈਂਦਾ। ਫਿਲਮੀ ਟਿਊਨਾਂ ਜਿਸ ਵਾਯੂਮੰਡਲ ਵਿਚ ਰਚੀਆਂ ਹੁੰਦੀਆਂ ਹਨ, ਉਹ ਵਾਯੂਮੰਡਲ ਗੁਰਬਾਣੀ ਦੇ ਵਾਯੂਮੰਡਲ ਦੇ ਅਨੁਸਾਰ ਨਹੀਂ ਹੁੰਦਾ।

ਤਰਜ਼ ਦੇ ਨਾਲ ਨਾਲ ਰਾਗ ਦਾ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ। 'ਰਾਗ' ਇਕ 'ਭਾਂਡਾਂ' ਹੈ ਤੇ 'ਬਾਣੀ' ਵਸਤੂ। ਗੁਰੂ ਸਾਹਿਬਾਨ ਨੇ ਵਸਤੂ ਅਨੁਸਾਰ ਹੀ ਭਾਂਡੇ ਦੀ ਚੋਣ ਕੀਤੀ ਹੈ। ਇਸ ਲਈ ਸੰਗਤ ਲਈ ਜ਼ਰੂਰੀ ਹੈ ਕਿ ਉਹ ਰਾਗ ਨੂੰ ਸਮਝਣ ਦੀ ਕੋਸ਼ਿਸ਼ ਕਰੇ ਅਤੇ ਰਾਗੀ ਵੀ ਸ਼ਬਦ ਅਤੇ ਰਾਗ ਦੇ ਸੰਬੰਧ ਨੂੰ ਸਮਝਦਿਆਂ ਕੀਰਤਨ ਕਰਨ।

ਅੱਜਕੱਲ ਸੰਗਤਾਂ ਇਕੋ ਸਮੇਂ ਬਹੁਤੇ ਰਾਗੀਆਂ ਨੂੰ ਸੁਣਨ ਦੀ ਇੱਛਾ ਅਧੀਨ ਕੀਰਤਨ ਦਰਬਾਰ ਕਰਵਾਉਂਦੀਆਂ ਹਨ। ਪਰ ਇਸ ਸਮੇਂ ਰਾਗੀ ਸਿੰਘਾਂ ਨੂੰ ਸਮਾਂ ਪੰਦਰਾਂ ਜਾਂ ਵੀਹ-ਵੀਹ ਮਿੰਟ ਹੀ ਦਿੱਤਾ ਜਾਂਦਾ ਹੈ। ਰਾਗੀ ਸਿੰਘ ਵੀ ਇਕ ਦਿਨ ਕਈ ਕਈ ਪ੍ਰੋਗਰਾਮ ਮਿੱਥ ਲੈਂਦੇ ਹਨ, ਅਤੇ ਇਸ ਕਾਰਨ ਕੀਰਤਨ ਇਕ ਰਸਮੀ ਕਾਰਵਾਈ ਬਣ ਕੇ ਰਹਿ ਗਿਆ ਹੈ। ਲੋੜ ਹੈ ਕਿ ਸੰਗਤਾਂ ਕੀਰਤਨ ਦੇ ਸਮੇਂ ਇਕ ਮਨ ਇਕ ਚਿੱਤ ਹੋ ਕੇ ਜੁੜਨ। ਰਾਗੀ ਸਿੰਘ ਨੂੰ ਇਕ ਚਉਕੀ ਦਾ ਸਮਾਂ ਦਿੱਤਾ ਜਾਵੇ, ਜਿਸ ਨਾਲ ਉਹ ਆਪਣੇ ਕੀਰਤਨ ਵਿਚ ਇਕ ਪ੍ਰਭਾਵ ਦੀ ਰਚਨਾ ਕਰ ਸਕੇ।

ਕੀਰਤਨ ਦਾ ਅਸਲੀ ਆਨੰਦ ਸੰਗਤ ਵਿਚ ਹੀ ਆਉਂਦਾ ਹੈ। ਕੀਰਤਨੀਆ ਵੀ ਸੰਗਤ ਵਿਚ ਆ ਕੇ ਚਾਅ ਨਾਲ ਕੀਰਤਨ ਕਰਦਾ ਹੈ। ਕੁਝ ਰਾਗੀਆਂ ਦੀਆਂ ਸਟੂਡੀਓ ਵਿਚ ਰਿਕਾਰਡ ਕੀਤੀਆਂ ਟੇਪਾਂ ਅਤੇ ਸੰਗਤ ਵਿਚ ਰਿਕਾਰਡ ਕੀਤੀਆਂ ਟੇਪਾਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਵੀ ਇਸ ਸਿੱਟੇ ਤੇ ਪੁੱਜੀਦਾ ਹੈ ਕਿ ਸੰਗਤ ਵਿਚ ਕੀਤਾ ਕੀਰਤਨ ਇਕੱਲਿਆਂ ਕੀਤੇ ਕੀਰਤਨ ਨਾਲੋਂ ਵਧੇਰੇ ਆਨੰਦ ਦਿੰਦਾ ਹੈ।

ਜੇ ਕੋਈ ਕੀਰਤਨੀਆ ਸਹੀ ਧੁਨ, ਸ਼ਬਦ ਦੇ ਭਾਵ ਵਾਲਾ ਰਾਗ ਅਤੇ ਸ਼ਬਦਾਂ ਦੇ ਉਚਾਰਨ ਦਾ ਧਿਆਨ ਰੱਖਦਿਆਂ ਸੰਗਤਾਂ ਵਿਚ ਕੀਰਤਨ ਕਰੇ, ਤਾਂ ਉਹ ਸਰੋਤਿਆਂ ਨੂੰ ਅਰਸ਼ੀ-ਮੰਡਲਾਂ ਉਤੇ ਲਿਆ ਬਿਠਾਉਂਦਾ ਹੈ।

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# What is the Purpose of Life?

## Dr. S.S. Bhatti

To answer this question we must go back to the very beginning. When there was no universe, only God was there in deep meditation which was self-absorption, unflustered by anything. Nearly all scriptures of the world have a consensus of this account. In that primal state, there was fog, only fog, and fog alone. The word 'fog' is used to stress the fact that Time had not yet been created because the evidence that Time exists is given by the cycle of Day and Night which, then, did not exist. The vernacular word for God is Para *Alma*, which literally means Supreme Light. When God willed to create the Universe, He created the Sound which, according to some Races, was "Om"; while others believe that it was "Anchor".

Guru Nana and Saint Kaber vouch for "Anchor".

**The Big Bang of Religion:** From this thunderous Sound [akin to modern Science's Big Bang], says Guru Nana, were created lakhs of rivers of existence, including countless suns and stars *instantly*. Their enormous heat caused the pre-existing fog to rain for aeons of time until the breakaway masses cooled down to form stone such as this Planet Earth is. Stone through millions of years of pulverization by Nature turned into soil /and vegetation grew therefrom. Vegetation worked constantly on by Nature produced insects, reptiles, birds, and animals. The animals through further workings of Nature created Man.

**Similar Temperaments:** Interestingly, God and Stone have a striking similarity of temperaments. Both are unmoved, have no feelings, are unaffected by praise or condemnation, harbor no grouse against anyone, feel neither thirst nor hunger and so forth. But there the similarities end, and the points of contrast surface.

God is Supreme Light, Intensely Alive, Fully Awake, Omnipotent, Omniscient, Omnipresent, and so forth. Stone is in utter darkness, dead, asleep, helpless, ignorant, present only in certain terrains, and so forth.

**Life begins in Stone:** Journey of Life, curiously, begins in Stone. As vegetation, it feels thirst, is unmindful of pain, responds to music, but remains unattached to its progeny, the fruit. Vegetation sprouts, grows, blooms, withers, decays, and dies. But it has no voice. In animal form, Life feels thirst as well as hunger, reacts to pain and pleasure, is attached to its offspring, and cares for its upbringing. Animals have a voice such is their distinct audial identity whereby one can distinguished from another. A lion's roar sets it apart from a boar's grunt. The chirp tells that the bird is a sparrow just as a nightingale can be recognised by its sweet melody. However, animals' voices are different sounds which have no words. In human form, called *manav*, in vernacular, it means life with 'mind' [*mann*]. Man has five senses in fairly active use. He can feel, think, touch, smell, taste, hear, plan, reflectand has a host of emotions for life's many and varied experiences. Above all *he* has a voice with an incredible range of pitch, tone,

and volume with the unique endowment of words for ideas, images, feelings, ideals, ideologies, and so forth. The incomparable significance of words has by highlighted by Guru Nanak in Japuji in which he underscores the fundamental truth that human progress and the change of eras are the product of words. The Universe is a creation of The Holy Word. Just as the genes of the parents are inextricably present in the life of the progeny, The Holy Word dwells deep within every heart. God, The Supreme Light, became The Holy Word that created the Universe, the return path to Godhood is also through the Word. When Man conjoins his consciousness with the Word he reaches the Door attached to the Divine Home, the Realm of Light. Thus, Guru is the Word, and God is the Light. The two are spiritually inseparable. Man spends umpteen number of lives to search the Door that he may enter the Home.

Through millions of years, Life has travelled from Stone to the Animal-form without its own initiative or effort. It was entirely the result of Nature's doing. But the appearance of Mind implies that Man must take the initiative to start the journey from here onwards, and tread the entire distance by his own unaided, unremitting effort.

**Man at Cross-Roads:** Man's present position in the process of Evolution is at the centre of four cross-roads. Behind him is the Animal Kingdom; on the two sides is the regime of gods [*Devtas*] opposed to the territory of demons [*Rakhshasas*]; and in front there lies the Realm of God, trillions of light-years away.

The problem is that the Animals, which have a rudimentary mind, are awake only to the existence of the herd but cannot recognise biological relationships although they too have relatives like humans have.

**The Conscious Mind:** Man's Mind is only 10 percent awake [Sigmund Freud called it the Conscious Mind], and recognises relationships of various kinds, many varied objects of desire, money, goods, and all things *material* with the properties of colour, form, and structure [which can be apprehended by one or more of the Five Senses]but *not* God, who has none of these concrete characteristics. That is why the worship of Stone is almost universal in nearly all religions. Just because he can recognise only what is concrete, Man wants God too in a concrete form such as stone!

**The Structure of Life:** The Eastern Religions accept these things as axioms: Five Elements; Three Attributes; and Five Inner Foes. The Five Elements are: Earth, Water, Fire, Air, and Space. The Three Attributes are: *Tamas* [Inertia], *Rajas* [Ambition], and *Satva* [Truth].The Five Inner Foes are: *Kama* [Lust], *Krodha* [Anger], *Lobha* [Greed], *Moha* [Attachment], and *Ahamkaar* [Literally, "I"-making, or Pride].

In the West, they recognise these four Animal Instincts: Sex, Sleep, Hunger, and Self-Assertion. Out of these Sex and Self-Assertion are akin to Lust and Pride. Hunger, by implication, can be likened to Greed. But Sleep is an attribute, *not* an Element, similar to Inertia.

The Semitic Religions [i.e. those followed in the West] accept only Four Elements, and reject the fifth one: Space.

**The *Homo sapiens* Species:** The journey of creation, as noted before, began in Stone or Darkness and, moving through the rigmarole of many million pre-human stages, reaches the *Homo sapiens* [Literally, Man the Wise!] species. At this crucial stage, Man, as a conscious being, rises from *Tamas* to reach *Satva* through *Rajas.* This is a progressive movement from Darkness towards Light.

**An Arduous Journey:** On his arduous, frighteningly lonely journey, he must

